Roll No. ........................ **Total Pages : 00**

**GSQ/M-20** **1677**

# PUNJABI
## (Compulsory)

Time : Three Hours] [Maximum Marks : 80

ਨੋਟ:- **ਸਾਰੇ ਪ੍ਰਸ਼ਨ** ਹ'ਲ ਕਰਨੇ ਹਨ ।

1. **ਕਿਸੇ ਇ'ਕ** ਦੇ ਜੀਵਨ ਤੇ ਰਚਨਾ ਪ'ਖ ਉੱਪਰ ਨੋਟ ਲਿਖੋ :-
   (ੳ) ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ
   (ਬ) ਪੀਲੂ

2. **ਕਿਸੇ ਦੋ** ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :-
   (ੳ) ਸੰਤ ਕਾ ਨਿੰਦਕੁ ਮਹਾ ਅਤਤਾਈ ॥
   ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥
   ਸੰਤ ਕਾ ਨਿੰਦਕੁ ਮਹਾ ਹਤਿਆਰਾ ॥
   ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥
   (ਅ) ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥
   ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥
   (ੲ) ਘਰ ਖੀਵੇ ਦੇ ਸਾਹਿਬਾਂ, ਜੰਮੀ ਮੰਗਲ਼ਵਾਰ
   ਡੂਮ ਸੋਹਿਲੇ ਗਾਂਵਦੇ, ਖਾਨ ਖੀਵੇ ਦੇ ਬਾਰ
   ਰਜ ਦੁਆਈਂ ਦਿਤੀਆਂ, ਸੋਹਾਨੇ ਪਰਿਵਾਰ
   ਰਲ ਤਦਬੀਰਾਂ ਬੰਦੀਆਂ, ਛੈਲ ਹੋਈ ਮੁਟਿਆਰ ।

(ਸ) ਦੁਰਗਾ ਬੈਣ ਸੁਣੰਦੀ ਹੱਸੀ ਹੜ੍ਹ ਹੜਾਇ ॥
ਉਹੀ ਸੀਹੁ ਮੰਗਾਇਆ ਰਾਕਸ਼ ਭੱਖਣਾ ॥
ਚਿੰਤਾ ਕਰਹੁ ਨ ਕਾਈ ਦੇਵਾਂ ਨੂੰ ਆਖਿਆ ॥
ਰੋਹ ਹੋਈ ਮਹਾਂਮਾਈ ਰਾਕਸ਼ ਮਾਰਣੇ ॥

3. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਦੇ ਜੀਵਨ ਤੇ ਰਚਨਾ ਸੰਬੰਧੀ ਭਾਵਪੂਰਤ ਨੋਟ ਲਿਖੋ :-

(i) ਬਲਵੰਤ ਗਾਰਗੀ

(ii) ਗਿਆਨੀ ਗੁਰਦਿੱਤ ਸਿੰਘ ਜੀ

4. ਕਿਸੇ ਇੱਕ ਨਿਬੰਧ ਦੀ ਸਾਹਿਤਕ ਆਲੋਚਨਾ ਕਰੋ :-

(i) ਗੁਰਬਾਣੀ

(ii) ਨਾਟਕ ਦੀ ਨਕੜਦਾਦੀ

(iii) ਚਿੱਤਰਕਲਾ ਦੀ ਸਮਰਥਾ

5. ਹੇਠ ਲਿਖੇ ਪੈਰ੍ਹੇ ਵਿੱਚੋਂ ਵਿਸ਼ੇਸ਼ਣ ਤੇ ਪੜਨਾਂਵ ਚੁਣ ਕੇ ਲਿਖੋ :-

ਇੱਕ ਬ੍ਰਿਛ ਉੱਤੇ ਇੱਕ ਘੁੱਗੀ ਰਹਿੰਦੀ ਸੀ ਤੇ ਉਸ ਬ੍ਰਿਛ ਦੇ ਮੁੱਢ ਵਿੱਚ ਇੱਕ ਸੱਪ ਰਹਿੰਦਾ ਸੀ । ਉਹ ਸੱਪ ਘੁੱਗੀ ਦੇ ਆਂਡੇ ਖਾ ਜਾਇਆ ਕਰਦਾ ਸੀ । ਘੁੱਗੀ ਨੇ ਸੱਪ ਨੂੰ ਮਾਰਨ ਲਈ ਨਿਉਲੇ ਦੀ ਮਦਦ ਲਈ । ਘੁੱਗੀ ਨੇ ਚਾਰ ਆਂਦੇ ਦਿੱਤੇ । ਜਦੋਂ ਸੱਪ ਆਂਡਿਆਂ ਨੂੰ ਖਾਣ ਲਈ ਆਇਆ ਤਾਂ ਨਿਉਲੇ ਨੇ ਸੱਪ ਨੂੰ ਮਾਰ ਦਿੱਤਾ । ਪਰ ਉਸਦੇ ਨਾਲ਼ ਹੀ, ਕਿਉਂਕਿ ਉਸਨੂੰ ਬਹੁਤ ਭੁੱਖ ਲੱਗੀ ਹੋਈ ਸੀ, ਉਸਨੇ ਬ੍ਰਿਛ ਉੱਤੇ ਚੜ੍ਹ ਕੇ ਘੁੱਗੀ ਦੇ ਚਾਰੇ ਆਂਡੇ ਵੀ ਖਾ ਲਏ । ਇਸਲਈ ਆਪਣੇ ਦੁਸ਼ਮਣ ਨੂੰ, ਉਸਤੋਂ ਵੀ ਖਤਰਨਾਕ ਦੁਸ਼ਮਣ ਪਾਸੋਂ ਕਦੀ ਨਾ ਮਰਵਾਉ, ਕਿਉਂਕਿ ਉਹ ਬਾਅਦ ਵਿੱਚ ਤੁਹਾਨੂੰ ਵੀ ਨਹੀਂ ਛੱਡੇਗਾ ।

6. ਹੇਠ ਲਿਖੇ ਪੈਰ੍ਹੇ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ :-

ਪਹਿਲਾ ਮਿ'ਤਰ ਦਰਖਤ ਤੋਂ ਉਤਰਿਆ ਤੇ ਧਰਤੀ ਤੇ ਲੇਟੇ ਦੋਸਤ ਕੋਲ਼ ਗਿਆ ਉਸਨੂੰ ਉਠਾਇਆ ਤੇ ਪੁ'ਛਿਆ ਰਿਛ ਨੇ ਤੇਰੇ ਕੰਨਾਂ ਵਿ'ਚ ਕੀ ਆਖਿਆ ਦੂਜਾ ਮਿ'ਤਰ ਬੋਲਿਆ ਉਸਨੇ ਮੈਨੂੰ ਬੜੀ ਵ'ਡੀ ਸਿਖਿਆ ਦਿ'ਤੀ ਹੈ ਉਸ ਆਖਿਆ ਹੈ ਝੂਠੇ ਅਤੇ ਸੁਆਰਥੀ ਮਿ'ਤਰ ਦਾ ਕਦੇ ਵਿਸ਼ਵਾਸ਼ ਨਹੀਂ ਕਰਨਾ ਇਹ ਸੁਣ ਕੇ ਉਹ ਮਿ'ਤਰ ਪਾਣੀ-ਪਾਣੀ ਹੋ ਗਿਆ

7. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਲਿਖੋ :-

ਪੰਜਾਬੀ ਜੀਵਨ, ਤਿਉਹਾਰਾਂ ਨਾਲ਼ ਭਰਪੂਰ ਹੈ । ਸਾਲ ਵਿ'ਚ ਕੋਈ ਹੀ ਮਹੀਨਾ ਅਜਿਹਾ ਹੋਵੇਗਾ, ਜਦੋਂ ਕੋਈ ਨਾ ਕੋਈ ਤਿਉਹਾਰ ਨਾ ਮਨਾਇਆ ਜਾਂਦਾ ਹੋਵੇ । ਤਿਉਹਾਰ ਦਾ ਦਿਨ ਜੀਵਨ ਵਿ'ਚ ਖੁਸ਼ੀ ਦਾ ਸੂਚਕ ਹੈ । ਤਿਉਹਾਰ ਕੋਈ ਵੀ ਹੋਵੇ, ਅ'ਕੀ-ਥ'ਕੀ ਜਿੰਦਗੀ ਨੂੰ ਇ'ਕ ਨਵਾਂ ਹੁਲਾਰਾ ਦਿੰਦਾ ਹੈ । ਇਸੇਲਈ ਅਸੀਂ ਤਿਉਹਾਰਾਂ ਨੂੰ ਬੜੇ ਚਾਅ ਅਤੇ ਉਤਸ਼ਾਹ ਨਾਲ਼ ਮਨਾਉਂਦੇ ਹਾਂ । ਤਿਉਹਾਰ ਆਮ ਕਰਕੇ ਸਾਡੇ ਧਾਰਮਿਕ ਤੇ ਸਭਿਆਚਾਰਕ ਜੀਵਨ ਅਤੇ ਇਤਿਹਾਸ ਨਾਲ਼ ਜੁੜੇ ਹੁੰਦੇ ਹਨ । ਸਾਧਾਰਨ ਮਨੁ'ਖ ਦੇ ਪ'ਖ ਤੋਂ ਤਿਉਹਾਰ ਦਾ ਆਉਣਾ ਇਸ ਨਾਲ਼ ਜੁੜੀ ਖੁਸ਼ੀ ਤੇ ਸਖਾਵੀਂ ਤਬਦੀਲੀ ਕਾਰਨ ਮੰਗਲਕਾਰੀ ਹੁੰਦਾ ਹੈ । ਬ'ਚੇ ਤਾਂ ਕਿੰਨੇ-ਕਿੰਨੇ ਦਿਨ ਪਹਿਲਾਂ ਤਿਉਹਾਰ ਦੇ ਦਿਨ ਦੀ ਉਡੀਕ ਕਰਨ ਲ'ਗ ਪੈਂਦੇ ਹਨ । ਉਹਨਾਂ ਦੇ ਮਾਪੇ ਉਨ੍ਹਾਂ ਦੀ ਖੁਸ਼ੀ ਵਿ'ਚ ਵਾਧਾ ਕਰਨ ਲਈ ਆਪਣੇ ਵਿ'ਤ ਅਨੁਸਾਰ ਹਿ'ਸਾ ਪਾਉਂਦੇ ਹਨ । ਤਿਉਹਾਰ ਦੇ ਦਿਨ ਚਾਅ ਤੇ ਉਤਸ਼ਾਹ ਕਾਰਨ ਸਭ ਕੁ'ਝ ਨਿਵੇਕਲਾ ਤੇ ਆਨੰਦਮਈ ਲ'ਗਦਾ ਹੈ । ਹਰ ਕੋਈ ਆਪਣੀ ਵਿ'ਤ ਤੇ ਸਥਿਤੀ ਅਨੁਸਾਰ ਤਿਉਹਾਰ ਦੇ ਦਿਨ ਨੂੰ ਮਨਾਉਂਦਾ ਹੈ ।

8. ਹੇਠ ਲਿਖੇ ਲਘੂ ਉ'ਤਰਾਂ ਵਾਲੇ ਪ੍ਰਸ਼ਨਾਂ ਦੇ **<u>ਚਾਰ</u>** ਵਿਕਲਪ ਦਿ'ਤੇ ਹੋਏ ਹਨ, ਹਰੇਕ ਵਿ'ਚ ਠੀਕ ਵਿਕਲਪ ਲਿਖੋ :-

(i) ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕਿੰਨੇ ਰਾਗਾਂ ਵਿ'ਚ ਬਾਣੀ ਰਚੀ ਹੈ ?

(a) 19 ਰਾਗਾਂ ਵਿ'ਚ (b) 20 ਰਾਗਾਂ ਵਿ'ਚ

(c) 21 ਰਾਗਾਂ ਵਿ'ਚ (d) 22 ਰਾਗਾਂ ਵਿ'ਚ

(ii) ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਅਵਤਾਰ (ਜਨਮ) ਕਦੋਂ ਹੋਇਆ ?

(a) ਅਪ੍ਰੈਲ, 1621 ਈ: (b) ਅਪ੍ਰੈਲ, 1622 ਈ:

(c) ਅਪ੍ਰੈਲ, 1623 ਈ: (d) ਅਪ੍ਰੈਲ, 1624 ਈ:

(iii) ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਅਨੁਸਾਰ ਸੰਸਾਰ ਕਿਹੋ ਜਿਹਾ ਹੈ ?

(a) ਸਥਿਰ (b) ਅਸਥਿਰ

(c) ਸੁੰਦਰ (d) ਰੌਣਕ ਭਰਿਆ

(iv) ਪੀਲੂ ਦਾ ਮਿਰਜ਼ਾ-ਸਾਹਿਬਾਂ ਕਿਹੜੇ ਰੂਪ ਵਿ'ਚ ਲਿਖਿਆ ਹੋਇਆ ਹੈ ?

(a) ਬੋਲੀਆਂ (b) ਟ'ਪੇ

(c) ਵਾਰ (d) ਸ'ਦ-ਰੂਪ ਵਿ'ਚ

(v) ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੀ ਲਿਖੀ ਵਾਰ ਦਾ ਨਾਮ ਲਿਖੋ ?

(a) ਚੰਡੀ ਦੀ ਵਾਰ (b) ਮਾਝ ਦੀ ਵਾਰ

(c) ਸਿੰਘਾਂ ਦੀ ਵਾਰ (d) ਨਜ਼ਾਬਤ ਦੀ ਵਾਰ

(vi) 'ਮੇਰਾ ਨਿਸਫਲ ਪਿਆਰ' ਨਿਬੰਧ ਦੀ ਪਾਤਰ ਕੁੜੀ ਦਾ ਨਾਂ ਕੀ ਸੀ ?

(a) ਮ'ਖਣੀ (b) ਮਧੂ

(c) ਕੁਸੁਮ (d) ਕਿਰਨ

(vii) ਸਤਿਆਵਤੀ ਮਲਿਕ ਲੇਖਕ ਦੀ ਕੀ ਲ'ਗਦੀ ਹੈ ?

(a) ਸਕੀ ਭੈਣ (b) ਮਾਮੇ ਦੀ ਧੀ

(c) ਚਾਚੇ ਦੀ ਧੀ (d) ਭੂਆ ਦੀ ਧੀ

(viii) ਨੌਰਾ ਰਿਚਰਡਜ਼ ਕਿ'ਥੋਂ ਦੀ ਜ'ਮੀ-ਪਲ਼ੀ ਸੀ ?

(a) ਇੰਗਲੈਂਡ (b) ਆਇਰਲੈਂਡ

(c) ਸਕਾਟਲੈਂਡ (d) ਫ਼ਰਾਂਸ

(ix) ਆਰਟ ਕਾਹਦੇ ਵਿ'ਚ ਰਚਿਆ ਹੋਇਆ ਹੈ ?

(a) ਆਰਟਿਸਟ ਵਿ'ਚ (b) ਕੁਦਰਤ ਵਿ'ਚ

(c) ਜੀਵਨ ਵਿ'ਚ (d) ਆਲ਼ੇ-ਦੁਆਲ਼ੇ ਵਿ'ਚ

(x) 'ਸੰਤਾਂ-ਸਾਧਾਂ ਲਈ ਸ਼ਰਧਾ' ਕਿਸ ਦੀ ਰਚਨਾ ਹੈ ?

(a) ਪ੍ਰੋ: ਪੂਰਨ ਸਿੰਘ ਜੀ (b) ਹਰਿੰਦਰ ਸਿੰਘ ਜੀ ਰੂਪ

(c) ਗਿ: ਗੁਰਦਿ'ਤ ਸਿੰਘ ਜੀ (d) ਬਲਰਾਜ ਸਾਹਨੀ